NREGA .N. DAK 1107

# ਦਫਤਰ ਵਧੀਕ ਡਿਪਟੀ ਕਮਿਸ਼ਨਰ(ਵਿ:), ਫਰੀਦਕੋਟ।

## ਮਹਾਤਮਾ ਗਾਂਧੀ ਨਰੇਗਾ ਸੈੱਲ

## ਦਫਤਰੀ ਹੁਕਮ

ਇਸ ਦਫਤਰ ਦੇ ਪੱਤਰ ਨੰ: ਮਗ/21/46-55 ਮਿਤੀ 11/01/2021 ਵਿੱਚ ਅੰਸ਼ਿਕ ਸੋਧ ਕਰਦੇ ਹੋਏ ਉਮੀਦਵਾਰਾਂ ਦੇ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਲਈ ਬਣਾਈਆਂ ਗਈਆਂ ਕਮੇਟੀਆਂ ਵਿੱਚ ਲੜੀ ਨੰ: 3 ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:

| ਲੜੀ ਨੰ: | ਅਸਾਮੀ ਦਾ ਵੇਰਵਾ | ਨਾਮਜਦ ਅਧਿਕਾਰੀ ਦਾ ਨਾਮ | ਵਿਸ਼ੇਸ਼ ਕਥਨ |
|---|---|---|---|
| 1. | ਟੈਕਨੀਕਲ ਅਸਿਸਟੈਂਟ | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਫਰੀਦਕੋਟ। | ਮੁਖੀ/ਨੋਡਲ ਅਫਸਰ |
| | | ਪ੍ਰਿੰਸੀਪਲ ਸਰਕਾਰੀ ਗਰਲਜ ਸੀਨੀਅਰ ਸਕੈਂਡਰੀ ਸਕੂਲ, ਫਰੀਦਕੋਟ। | ਮੈਂਬਰ |
| | | ਜਿਲ੍ਹਾ ਭਲਾਈ ਅਫਸਰ, ਫਰੀਦਕੋਟ ਜਾਂ ਨੁਮਾਇੰਦਾ। | ਮੈਂਬਰ |
| 2. | ਗ੍ਰਾਮ ਰੋਜਗਾਰ ਸਹਾਇਕ | ਪ੍ਰਿੰਸੀਪਲ, ਸਰਕਾਰੀ ਬਲਵੀਰ ਸੀਨੀਅਰ ਸਕੈਂਡਰੀ ਸਕੂਲ, ਫਰੀਦਕੋਟ। | ਮੁਖੀ |
| | | ਜਿਲ੍ਹਾ ਭਲਾਈ ਅਫਸਰ, ਫਰੀਦਕੋਟ ਜਾਂ ਨੁਮਾਇੰਦਾ। | ਮੈਂਬਰ |
| 3. | ਡਾਟਾ ਐਂਟਰੀ ਅਪਰੇਟਰ, ਅਸਿਸਟੈਂਟ, ਸੋਸ਼ਲ ਆਡਿਟ ਕੋਆਰਡੀਨੇਟਰ, ਕੋਆਰਡੀਨੇਟਰ ਗ੍ਰੀਵੈਂਸ, ਬਲਾਕ ਕੋਆਰਡੀਨੇਟਰ, ਏ.ਪੀ.ਓ., | ਡੀ.ਆਈ.ਓ., ਐਨ.ਆਈ.ਸੀ., ਫਰੀਦਕੋਟ। | ਮੁਖੀ |
| | | ਪ੍ਰਿੰਸੀਪਲ ਸੀਨੀਅਰ ਸਕੈਂਡਰੀ ਸਕੂਲ, ਜੰਡ ਸਾਹਿਬ, ਜਿਲ੍ਹਾ ਫਰੀਦਕੋਟ। | ਮੈਂਬਰ |
| | | ਜਿਲ੍ਹਾ ਭਲਾਈ ਅਫਸਰ, ਫਰੀਦਕੋਟ ਜਾਂ ਨੁਮਾਇੰਦਾ। | ਮੈਂਬਰ |

ਲੜੀ ਨੰ: 2 ਅਤੇ 3 ਵਿੱਚ ਦੱਸੀਆਂ ਅਸਾਮੀਆਂ ਲਈ ਸ੍ਰੀ ਪ੍ਰਦੀਪ ਦਿਓੜਾ, ਉੱਪ ਜਿਲ੍ਹਾ ਸਿੱਖਿਆ ਅਫਸਰ(ਸਕੈ.ਸਿ.), ਫਰੀਦਕੋਟ ਦਾ ਨੋਡਲ ਅਫਸਰ ਨਾਮਜਦ ਕਰਕੇ ਲਿਖਿਆ ਜਾਂਦਾ ਹੈ ਕਿ ਲੋੜ ਅਨੁਸਾਰ ਆਪਣੇ ਪੱਧਰ ਤੇ ਉਕਤ ਟੀਮ ਮੁਖੀ ਨਾਲ ਤਾਲਮੇਲ ਕਰਕੇ ਹੋਰ ਸਟਾਫ ਦਾ ਪ੍ਰਬੰਧ ਕਰ ਲਿਆ ਜਾਵੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਹੀ/-
ਡਿਪਟੀ ਕਮਿਸ਼ਨਰ-ਕਮ-
ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ),
ਫਰੀਦਕੋਟ।

ਪਿੰ:ਅੰ:ਨੰ: ਮਗ/21/57-66 ਮਿਤੀ 11/01/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਮਾਨਯੋਗ ਡਿਪਟੀ ਕਮਿਸ਼ਨਰ(ਵਿ:)-ਕਮ- ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ), ਫਰੀਦਕੋਟ।
2. ਡੀ.ਆਈ.ਓ. ਐਨ.ਆਈ.ਸੀ. ਮਿੰਨੀ ਸਕੱਤਰੇਤ ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਮੀਦਵਾਰਾਂ ਨੂੰ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਕਰਨ ਸਬੰਧੀ ਮੈਸਜ਼ ਭੇਜੇ ਜਾਣ ਅਤੇ ਵੈਬ ਸਾਈਟ ਤੇ ਉਮੀਦਵਾਰਾਂ ਨੂੰ ਆਪਣੇ ਦਸਤਾਵੇਜ਼ ਵੈਰੀਫਾਈ ਕਰਵਾਉਣ ਲਈ ਲਿਖਿਆ ਜਾਵੇ ਕਿ ਉਮੀਦਵਾਰ ਜਿਲ੍ਹਾ ਰੋਜਗਾਰ ਕਾਰੋਬਾਰ ਬਿਊਰੋ, ਫਰੀਦਕੋਟ ਨੇੜੇ ਸੰਧੂ/ਪੀਗੜਾ ਪੈਲਸ, ਬਾਈਪਾਸ ਫਰੀਦਕੋਟ ਵਿਖੇ ਸਵੇਰੇ 10:30 ਵਜੇ ਤੋਂ 04:00 ਵਜੇ ਤੱਕ ਆਪਣੇ ਦਸਤਾਵੇਜ਼ ਵੈਰੀਫਿਕੇਸ਼ਨ ਲਈ ਲੈ ਕੇ ਆਉਣਗੇ। ਇਸ ਤੋਂ ਇਲਾਵਾ ਲੋੜੀਦਾ ਡਾਟਾ ਉਕਤ ਨਾਮਜਦ ਕੀਤੇ ਨੋਡਲ ਅਫਸਰਾਂ ਨੂੰ ਦੇਣਾ ਯਕੀਨੀ ਬਣਾਇਆ ਜਾਵੇ। ਮਗਨਰੇਗਾ ਅਧੀਨ ਲਿਖਤੀ ਲਏ ਗਏ ਟੈਸਟ ਵਿੱਚੋ ਜਿਸ ਉਮੀਦਵਾਰ ਦੇ 50% ਜਾਂ ਇਸ ਤੋਂ ਵੱਧ ਨੰਬਰ ਆਏ ਹਨ, ਕੇਵਲ ਉਹਨਾਂ ਨੂੰ ਹੀ ਮੈਸਜ ਕੀਤਾ ਜਾਵੇ।
3. ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਫਰੀਦਕੋਟ।
4. ਜਿਲ੍ਹਾ ਸਿੱਖਿਆ ਅਫਸਰ (ਸਕੈ.ਸਿ.), ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਮੀਦਵਾਰਾਂ ਦੇ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਸਬੰਧੀ ਉਕਤ ਨਾਮਜਦ ਕੀਤੇ ਅਧਿਕਾਰੀਆਂ ਨੂੰ ਸਵੇਰੇ 09:00 ਵਜੇ ਜਿਲ੍ਹਾ ਰੋਜਗਾਰ ਕਾਰੋਬਾਰ ਬਿਊਰੋ, ਫਰੀਦਕੋਟ ਨੇੜੇ ਸੰਧੂ/ਪੀਗੜਾ ਪੈਲਸ, ਬਾਈਪਾਸ ਫਰੀਦਕੋਟ ਵਿਖੇ ਹਾਜਰ ਹੋਣ ਲਈ ਹਦਾਇਤ ਕੀਤੀ ਜਾਵੇ।
5. ਸ੍ਰੀ ਪ੍ਰਦੀਪ ਦਿਓੜਾ, ਉੱਪ ਜਿਲ੍ਹਾ ਸਿੱਖਿਆ ਅਫਸਰ(ਸਕੈ.ਸਿ.), ਫਰੀਦਕੋਟ।
6. ਪ੍ਰਿੰਸੀਪਲ ਸਰਕਾਰੀ ਗਰਲਜ ਸੀਨੀਅਰ ਸਕੈਂਡਰੀ ਸਕੂਲ, ਫਰੀਦਕੋਟ।
7. ਜਿਲ੍ਹਾ ਭਲਾਈ ਅਫਸਰ, ਫਰੀਦਕੋਟ।
8. ਪ੍ਰਿੰਸੀਪਲ, ਸਰਕਾਰੀ ਬਲਵੀਰ ਸੀਨੀਅਰ ਸਕੈਂਡਰੀ ਸਕੂਲ, ਫਰੀਦਕੋਟ।
9. ਪ੍ਰਿੰਸੀਪਲ ਸੀਨੀਅਰ ਸਕੈਂਡਰੀ ਸਕੂਲ, ਜੰਡ ਸਾਹਿਬ, ਜਿਲ੍ਹਾ ਫਰੀਦਕੋਟ।
10. ਜਿਲ੍ਹਾ ਰੋਜਗਾਰ ਕਾਰੋਬਾਰ ਬਿਊਰੋ, ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਧਿਕਾਰੀਆਂ ਅਤੇ ਉਮੀਦਵਾਰਾਂ ਦੇ ਬੈਠਣ ਲਈ ਢੁਕਵੀ ਜਗ੍ਹਾਂ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ।

ਵਧੀਕ ਡਿਪਟੀ ਕਮਿਸ਼ਨਰ(ਵਿ:)-ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ),
ਫਰੀਦਕੋਟ।